# ਪੰਜਾਬ ਸਕੂਲ ਸਿੱਖਿਆ ਬੋਰਡ

## (ਰਜਿਸਟ੍ਰੇਸ਼ਨ ਸ਼ਾਖਾ)

ਪੰਜਾਬ ਰਾਜ ਨਾਲ ਸਬੰਧਤ ਸਮੂਹ ਸਕੂਲ ਮੁਖੀਆ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2026-27 ਲਈ ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀ , ਜਿੰਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਵਿੱਚ ਦਾਖਲਾ ਲਿਆ ਹੈ ਅਤੇ ਜਿੰਨ੍ਹਾਂ ਦੀ ਰਜਿਸਟ੍ਰੇਸ਼ਨ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਸਕੂਲਾਂ ਵੱਲੋਂ ਕੀਤੀ ਗਈ ਹੈ, ਅਜਿਹੇ ਵਿਦਿਆਰਥੀਆਂ ਦੇ ਹੇਠਲੀ ਸ਼੍ਰੇਣੀ ਨਾਲ ਸਬੰਧਤ ਦਸਤਾਵੇਜ਼ ਸਮੇਤ ਫਾਈਨਲ ਪ੍ਰਿੰਟ ਦੀ ਕਾਪੀ ਜਿਲ੍ਹਾ ਖੇਤਰੀ ਦਫਤਰਾਂ ਵਿਖੇ ਮਿਤੀ 15-09-2026 ਤੱਕ ਜਮ੍ਹਾਂ ਕਰਵਾਏ ਜਾਣੇ ਲਾਜ਼ਮੀ ਹਨ । **ਦੂਜੇ ਰਾਜਾਂ ਤੋਂ ਆਏ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ ਦੂਜੇ ਰਾਜ ਦੇ ਜਿਲ੍ਹਾ ਸਿੱਖਿਆ ਅਫਸਰ ਤੋਂ ਕਾਊਂਟਰ ਸਾਈਨ ਕਰਵਾਉਣੇ ਲਾਜ਼ਮੀ ਹਨ।**

- **NRI ਵਿਦਿਆਰਥੀਆਂ ਜਿੰਨ੍ਹਾਂ ਨੇ ਸਕੂਲ ਪੱਧਰ ਦੀ ਪੜ੍ਹਾਈ ਕਿਸੇ ਬਾਹਰਲੇ ਦੇਸ਼ ਤੋਂ ਕੀਤੀ ਹੈ, ਇਹਨਾਂ ਵਿਦਿਆਰਥੀਆਂ ਨੂੰ UGC, New Delhi (https://equivalence.ugc.ac.in/) ਤੋਂ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ** (Equivalency Certificate) **(ਅਸਲ)** ਲੈਣ ਉਪਰੰਤ ਸਕੂਲ ਮੁਖੀ, ਮੁੱਖ ਦਫਤਰ ਨੂੰ ਬਾਕੀ ਲੋੜੀਂਦੇ ਦਸਤਾਵੇਜ਼ਾਂ ਸਮੇਤ ਭੇਜਣਾ ਯਕੀਨੀ ਬਣਾਉਣਗੇ।

ਸਕੂਲਾਂ ਦੁਆਰਾ ਸ਼੍ਰੇਣੀ ਵਾਈਜ਼ ਜਮ੍ਹਾਂ ਕਰਵਾਏ ਜਾਣ ਵਾਲੇ ਦਸਤਾਵੇਜ਼ਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :-

| ਸ਼੍ਰੇਣੀ | ਹੇਠਲੀ ਸ਼੍ਰੇਣੀ ਪਾਸ ਦੇ ਦਸਤਾਵੇਜ਼ | ਸਬੰਧਤ ਸ਼੍ਰੇਣੀ ਵਿੱਚ ਫੇਲ ਦੇ ਦਸਤਾਵੇਜ਼ |
|---|---|---|
| ਅੱਠਵੀਂ/ ਨੌਵੀਂ | ਹੇਠਲੀ ਸ਼੍ਰੇਣੀ ਪਾਸ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਟਰਾਂਸਫਰ ਸਰਟੀਫਿਕੇਟ | ਸਬੰਧਤ ਸ਼੍ਰੇਣੀ ਫੇਲ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਟਰਾਂਸਫਰ ਸਰਟੀਫਿਕੇਟ |
| ਦਸਵੀਂ | ਹੇਠਲੀ ਸ਼੍ਰੇਣੀ ਪਾਸ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਟਰਾਂਸਫਰ ਸਰਟੀਫਿਕੇਟ | ਦਸਵੀਂ ਸ਼੍ਰੇਣੀ ਫੇਲ/ਕੰਪਾਰਟਮੈਂਟ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਫੇਲ ਦਾ ਮਾਈਗ੍ਰੇਸ਼ਨ ਸਰਟੀਫਿਕੇਟ |
| ਗਿਆਰਵੀਂ | ਦਸਵੀਂ ਸ਼੍ਰੇਣੀ ਪਾਸ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ<br>ਦਸਵੀਂ ਕੰਪਾਰਟਮੈਂਟ ਵਾਲੇ ਵਿਦਿਆਰਥੀ, ਜੋ ਦੋ ਮੌਕਿਆਂ ਵਿੱਚ ਕੰਪਾਰਟਮੈਂਟ ਕਲੀਅਰ ਕਰਕੇ ਦਸਵੀਂ ਪਾਸ ਕਰ ਲੈਂਦੇ ਹਨ (ਬੋਰਡ ਵੱਲੋਂ ਜਾਰੀ ਗਿਆਰਵੀਂ ਸ਼੍ਰੇਣੀ ਦੇ ਦਾਖਲੇ ਦੇ ਵਿਨਿਯਮਾਂ ਅਨੁਸਾਰ), ਕੇਵਲ ਉਹਨਾਂ ਨੂੰ ਹੀ ਦਸਵੀਂ ਸ਼੍ਰੇਣੀ ਪਾਸ ਦਾ ਨਤੀਜਾ ਕਾਰਡ ਅਤੇ ਮਾਈ: ਸਰਟੀਫਿਕੇਟ ਲੈਣ ਉਪਰੰਤ ਰਜਿਸਟ੍ਰੇਸ਼ਨ ਨੰਬਰ ਜਾਰੀ ਕੀਤਾ ਜਾਵੇਗਾ। | ਦਸਵੀਂ ਪਾਸ ਅਤੇ ਗਿਆਰਵੀਂ ਸ਼੍ਰੇਣੀ ਫੇਲ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਟਰਾਂਸਫਰ ਸਰਟੀਫਿਕੇਟ |
| ਬਾਰ੍ਹਵੀਂ | ਦਸਵੀਂ ਅਤੇ ਗਿਆਰਵੀਂ ਸ਼੍ਰੇਣੀ ਪਾਸ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਟਰਾਂਸਫਰ ਸਰਟੀਫਿਕੇਟ | ਦਸਵੀਂ ਸ਼੍ਰੇਣੀ ਪਾਸ ਅਤੇ ਬਾਰ੍ਹਵੀਂ ਸ਼੍ਰੇਣੀ ਫੇਲ ਦੇ ਨਤੀਜਾ ਕਾਰਡ ਦੀ ਫੋਟੋ ਕਾਪੀ ਅਤੇ ਅਸਲ ਫੇਲ ਦਾ ਮਾਈਗ੍ਰੇਸ਼ਨ ਸਰਟੀਫਿਕੇਟ |

ਸਮੂਹ ਸਕੂਲ ਮੁਖੀ ਉਪਰੋਕਤ ਦਰਸਾਈ ਸੂਚੀ ਅਨੁਸਾਰ ਦਸਤਾਵੇਜ਼ ਅਤੇ ਦਸਤਾਵੇਜ਼ਾਂ ਦੇ ਨਾਲ ਪ੍ਰਿੰਸੀਪਲ ਵੱਲੋਂ Undertaking (ਜੋ ਇਸ ਸੂਚਨਾ ਨਾਲ ਸਕੂਲ ਲਾਗ-ਇੰਨ ਵਿੱਚ ਉਪਲੱਬਧ ਹੈ) ਦਿੱਤੀ ਜਾਵੇਗੀ ਕਿ ਉਹਨਾਂ ਵੱਲੋਂ ਸਾਰੇ ਦਸਤਾਵੇਜ਼ ਜਮ੍ਹਾਂ ਕਰਵਾਏ ਜਾ ਰਹੇ ਹਨ। ਇਹ ਦਸਤਾਵੇਜ਼/Undertaking **ਮਿਤੀ 15-09-2026 ਤੱਕ** ਜਿਲ੍ਹਾ ਖੇਤਰੀ ਦਫਤਰਾਂ ਵਿਖੇ ਜਮ੍ਹਾਂ ਕਰਵਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਇਹਨਾਂ ਦਸਤਾਵੇਜਾਂ ਨੂੰ ਚੈੱਕ ਕਰਨ ਉਪਰੰਤ ਹੀ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਨੰਬਰ ਜਾਰੀ ਕੀਤੇ ਜਾ ਸਕਣਗੇ ਅਤੇ ਉਸ ਉਪਰੰਤ ਹੀ ਉਹ ਸਲਾਨਾ ਪ੍ਰੀਖਿਆਵਾਂ ਦੇਣ ਦੇ ਯੋਗ ਹੋਣਗੇ। ਦਸਤਾਵੇਜ਼ ਸਹੀ ਅਤੇ ਸਮੇਂ-ਸਿਰ ਜਮ੍ਹਾਂ ਨਾ ਕਰਵਾਉਣ ਸਬੰਧੀ ਅਣਗਹਿਲੀ ਦੀ ਸਮੁੱਚੀ ਜਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੀ ਹੋਵੇਗੀ।

ਸੁਪਰਡੰਟ (ਰਜਿਸਟ੍ਰੇਸ਼ਨ ਸ਼ਾਖਾ)
01/9/2026

# ਪ੍ਰਿੰਸੀਪਲ ਵੱਲੋਂ ਅੰਡਰਟੇਕਿੰਗ / ਸਵੈ-ਘੋਸ਼ਣਾ

ਮੈਂ, ________________________, ਪ੍ਰਿੰਸੀਪਲ/ਸਕੂਲ ਮੁਖੀ_______________ਸਕੂਲ, ਜਿਲ੍ਹਾ _____________ (ਸਕੂਲ ਕੋਡ ___________), ਇਹ ਜ਼ਿੰਮੇਵਾਰੀ ਲੈਂਦਾ/ਲੈਂਦੀ ਹਾਂ ਕਿ ਮੇਰੇ ਸਕੂਲ ਰਾਹੀਂ ਸੈਸ਼ਨ 2026–27 ਲਈ ਰਜਿਸਟਰਡ ਕੀਤੇ ਗਏ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਦੇ ਹੋਰ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਨਾਲ ਸਬੰਧਤ ਸਾਰੇ ਲੋੜੀਂਦੇ ਤਸਦੀਕਸ਼ੁਦਾ/ਅਸਲ ਦਸਤਾਵੇਜ਼, ਸਮੇਤ ਫਾਈਨਲ ਪ੍ਰਿੰਟ, ਮਿਤੀ 15-09-2026 ਤੱਕ ਹਰ ਹਾਲ ਵਿੱਚ ਸਬੰਧਤ PSEB ਜ਼ਿਲ੍ਹਾ ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾ ਦਿੱਤੇ ਜਾਣਗੇ।

ਮੈਂ ਇਹ ਵੀ ਜ਼ਿੰਮੇਵਾਰੀ ਲੈਂਦਾ/ਲੈਂਦੀ ਹਾਂ ਕਿ ਸਕੂਲ ਵੱਲੋਂ ਜਮ੍ਹਾਂ ਕਰਵਾਏ ਗਏ ਸਾਰੇ ਦਸਤਾਵੇਜ਼ ਅਤੇ ਰਜਿਸਟ੍ਰੇਸ਼ਨ ਸਬੰਧੀ ਵੇਰਵੇ ਪੂਰਨ, ਸਹੀ, ਪ੍ਰਮਾਣਿਕ ਅਤੇ ਤਸਦੀਕਸ਼ੁਦਾ ਹਨ ਅਤੇ ਇਨ੍ਹਾਂ ਦੀ ਨਿਰਧਾਰਤ ਸਮੇਂ ਅੰਦਰ ਜਮ੍ਹਾਂ ਕਰਵਾਉਣ ਦੀ ਪੂਰੀ ਜ਼ਿੰਮੇਵਾਰੀ ਮੇਰੀ ਹੋਵੇਗੀ ਅਤੇ ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ " ਅਕਾਦਮਿਕ ਕੈਲੰਡਰ Volume ii " ਦੇ ਵਿਨਿਯਮਾਂ ਅਤੇ ਇਨਫਰਮੇਸ਼ਨ ਟੈਕਨਾਲੋਜੀ ਐਕਟ, 2000 ਵਿੱਚ ਸਮੇਂ-ਸਮੇਂ 'ਤੇ ਕੀਤੀਆਂ ਗਈਆਂ ਸੋਧਾਂ ਅਨੁਸਾਰ ਸਾਰੀਆਂ ਸ਼ਰਤਾਂ ਨੂੰ ਮੰਨਣ ਦਾ ਪਾਬੰਦ ਹੋਵਾਂਗਾ/ਹੋਵਾਂਗੀ ।

ਜੇਕਰ ਨਿਰਧਾਰਤ ਮਿਤੀ 15-09-2026 ਤੱਕ ਮੇਰੇ ਵੱਲੋਂ ਲੋੜੀਂਦੇ ਦਸਤਾਵੇਜ਼ ਜਮ੍ਹਾਂ ਨਾ ਕਰਵਾਏ ਗਏ, ਤਾਂ PSEB ਨੂੰ ਸਬੰਧਤ ਵਿਦਿਆਰਥੀ/ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਅਧਿਕਾਰ ਹੋਵੇਗਾ। ਅਜਿਹੀ ਕਾਰਵਾਈ ਸਬੰਧੀ ਮੈਨੂੰ ਕੋਈ ਇਤਰਾਜ਼, ਦਾਅਵਾ ਜਾਂ ਸ਼ਿਕਾਇਤ ਨਹੀਂ ਹੋਵੇਗੀ।

**ਸਕੂਲ ਮੁਖੀ / ਪ੍ਰਿੰਸੀਪਲ ਦਾ ਨਾਮ:** ______________________________

**ਸਕੂਲ ਦਾ ਨਾਮ ਅਤੇ ਕੋਡ:** ______________________________

**ਵਿਦਿਆਰਥੀਆਂ ਦੀ ਸ਼੍ਰੇਣੀ ਵਾਈਜ਼ ਗਿਣਤੀ:** ______________________________

**ਸਕੂਲ ਮੁਖੀ / ਪ੍ਰਿੰਸੀਪਲ ਦੇ ਹਸਤਾਖਰ ਸਮੇਤ ਮੋਹਰ:** ______________________________

**ਮਿਤੀ:** ___________________